BRITISH COLUMBIA
The Best Place on Earth

ਅਕਤੂਬਰ, 2006

Our Ref: 114876

ਪਿਆਰੇ ਮਾਪੇ:

ਪੜ੍ਹਣ ਦਾ ਤੋਹਫਾ ਸੱਭ ਤੋਂ ਵਧੀਆ ਤੋਹਫਿਆਂ ਵਿੱਚੋਂ ਇਕ ਹੈ ਜਿਹੜਾ ਤੁਸੀਂ ਆਪਣੇ ਬੱਚੇ ਨੂੰ ਦੇ ਸਕਦੇ ਹੋ। ਆਪਣੇ ਬੱਚਿਆਂ ਨਾਲ ਰਲ ਕੇ ਪੜ੍ਹਣ ਨਾਲ ਉਨ੍ਹਾਂ ਦੇ ਸੁਣਨ ਅਤੇ ਪੜ੍ਹਣ ਦੇ ਹੁਨਰਾਂ ਵਿਚ ਵਾਧਾ ਹੋ ਸਕਦਾ ਹੈ, ਉਨ੍ਹਾਂ ਦਾ ਆਤਮ-ਵਿਸ਼ਵਾਸ ਵਧ ਸਕਦਾ ਹੈ ਅਤੇ ਉਨ੍ਹਾਂ ਵਿਚ ਲਿਖਤੀ ਸ਼ਬਦ ਰਾਹੀਂ ਨਵੀਂ ਦੁਨੀਆਂ ਦਾ ਪਤਾ ਲਾਉਣ ਲਈ ਉਤਸ਼ਾਹ ਵਧ ਸਕਦਾ ਹੈ। ਅਤੇ ਇਹ ਸ਼ੁਗਲ ਹੈ!

ਅੱਜ ਤੁਹਾਡਾ ਬੱਚਾ *ਏ ਮਾਉਨਟੇਨ ਐਲਫਾਬਿਟ* ਨਾਂ ਦੀ ਇਕ ਕਿਤਾਬ ਘਰ ਲੈ ਕੇ ਆਇਆ ਹੈ। ਇਹ ਕਿਤਾਬ ਬ੍ਰਿਟਿਸ਼ ਕੋਲੰਬੀਆ ਦੇ ਕਿੰਡਰਗਾਰਟਨ ਦੇ ਸਾਰੇ ਵਿਦਿਆਰਥੀਆਂ ਲਈ ਸੂਬੇ ਵਲੋਂ ਇਕ ਤੋਹਫਾ ਹੈ ਜਿਸ ਦਾ ਮਕਸਦ ਪੜ੍ਹਨਾ ਸਿੱਖਣ ਵਿਚ ਉਨ੍ਹਾਂ ਦੀ ਮਦਦ ਕਰਨਾ ਹੈ। ਜਿਨ੍ਹਾਂ ਬੱਚਿਆਂ ਕੋਲ ਆਪਣੀਆਂ ਕਿਤਾਬਾਂ ਹੁੰਦੀਆਂ ਹਨ ਅਤੇ ਉਨ੍ਹਾਂ ਦੇ ਪਰਿਵਾਰ ਉਨ੍ਹਾਂ ਨੂੰ ਪੜ੍ਹ ਕੇ ਸੁਣਾਉਂਦੇ ਹਨ, ਉਹ ਬੱਚੇ ਬਹੁਤ ਤੇਜ਼ੀ ਨਾਲ ਸਿੱਖਣਾ ਸ਼ੁਰੂ ਕਰਦੇ ਹਨ।

ਇਸ ਕਿਤਾਬ ਨਾਲ, ਅਸੀਂ ਜ਼ਿੰਦਗੀ ਭਰ ਪੜ੍ਹਣ ਵਾਲਿਆਂ ਦੀ ਪੀੜ੍ਹੀ ਤਿਆਰ ਕਰਨ ਲਈ ਬ੍ਰਿਟਿਸ਼ ਕੋਲੰਬੀਆ ਦੀਆਂ ਕੋਸ਼ਿਸ਼ਾਂ ਵਿਚ ਤੁਹਾਡੇ ਪਰਿਵਾਰ ਨੂੰ ਸ਼ਾਮਲ ਕਰ ਰਹੇ ਹਾਂ। ਮੈਂ ਤੁਹਾਨੂੰ ਇਹ ਉਤਸ਼ਾਹ ਦਿੰਦੀ ਹਾਂ ਕਿ ਤੁਸੀਂ ਆਪਣੇ ਬੱਚੇ ਨਾਲ ਰਲ ਕੇ *ਏ ਮਾਉਨਟੇਨ ਐਲਫਾਬਿਟ* ਨਾਂ ਦੀ ਕਿਤਾਬ ਪੜ੍ਹੋ। ਆਪਣੇ ਛੋਟੇ ਸਿਖਾਂਦਰੂ ਨੂੰ ਪੜ੍ਹਣ ਦਾ ਤੋਹਫਾ ਦਿਉ ਅਤੇ ਇਕੱਠਿਆਂ ਸਮਾਂ ਗੁਜ਼ਾਰ ਕੇ ਸ਼ੁਗਲ ਕਰੋ।

ਸਕੂਲ ਵਿਚ ਸਫਲ ਹੋਣ ਵਿਚ ਆਪਣੇ ਬੱਚੇ ਦੀ ਮਦਦ ਕਰਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਅਚੀਵ ਬੀ ਸੀ ਵੈੱਬਸਾਈਟ (www.achievebc.ca) ਦੇਖੋ।

ਮੈਨੂੰ ਆਸ ਹੈ ਕਿ ਤੁਸੀਂ ਅਤੇ ਤੁਹਾਡਾ ਬੱਚਾ ਇਸ ਕਿਤਾਬ ਦਾ ਆਨੰਦ ਮਾਣੋਗੇ, ਅਤੇ ਮੈਂ ਕਾਮਨਾ ਕਰਦੀ ਹਾਂ ਕਿ ਤੁਹਾਡੇ ਪਰਿਵਾਰ ਲਈ ਸਕੂਲ ਦਾ ਸਾਲ ਬਹੁਤ ਹੀ ਵਧੀਆ ਰਹੇ।

ਸੱਚੇ ਦਿਲੋਂ,

Shirley Bond

ਸ਼ਰਲੀ ਬੌਂਡ
ਮਨਿਸਟਰ
ਡਿਪਟੀ ਪ੍ਰੀਮੀਅਰ

**Ministry of Education**

Office of the Minister
and Deputy Premier

Mailing Address:
PO Box 9045 Stn Prov Govt
Victoria BC Canada V8W 9E2

Location:
Parliament Buildings
Victoria